# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 31-12-2024**

- ਪਰਮਾਣੂ ਊਰਜਾ ਅਤੇ ਪੁਲਾੜ ਰਾਜ ਮੰਤਰੀ ਡਾਕਟਰ ਜਤਿੰਦਰ ਸਿੰਘ ਨੇ ਕਿਹਾ -ਕਿ ਸਾਲ 2024, ਭਾਰਤੀ ਪੁਲਾੜ ਖੇਤਰ ਲਈ ਅਹਿਮ ਸਾਲ ਰਿਹਾ ਏ ।
- ਸੀਮਾ ਸੁਰਖਿਆ ਬਲ ਪੰਜਾਬ ਵੱਲੋਂ ਇਸ ਸਾਲ ਦੌਰਾਨ , 30 ਪਾਕਿਸਤਾਨੀ ਅਤੇ 2 ਬੰਗਲਾਦੇਸ਼ੀ ਨਾਗਰਿਕਾਂ ਨੂੰ ਗਿਰਫ਼ਤਾਰ ਕੀਤਾ ਗਿਆ ਏ ।
- ਸਰਵਉੱਚ ਅਦਾਲਤ ਨੇ ਪੰਜਾਬ ਸਰਕਾਰ ਨੂੰ, ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਹਸਪਤਾਲ ਭੇਜਣ ਜਾਂ ਡਾਕਟਰੀ ਸਹਾਇਤਾ ਲੈਣ ਲਈ ਵਾਧੂ ਸਮਾਂ ਦਿੱਤਾ ।
- ਮੌਸਮ ਵਿਭਾਗ ਵਲੋਂ ਪੰਜਾਬ ਵਿੱਚ, ਧੁੰਦ ਅਤੇ ਸੀਤ ਲਹਿਰ ਨੂੰ ਲੈ ਕੇ, ਯੈਲੋ ਅਲਰਟ ਜਾਰੀ ।

---------------------------------------------------------

ਪਰਮਾਣੂ ਊਰਜਾ ਅਤੇ ਪੁਲਾੜ ਰਾਜ ਮੰਤਰੀ ਡਾਕਟਰ ਜਤਿੰਦਰ ਸਿੰਘ ਨੇ ਕਿਹਾ ਏ ਕਿ ਸਾਲ 2024, ਭਾਰਤੀ ਪੁਲਾੜ ਖੇਤਰ ਲਈ ਅਹਿਮ ਸਾਲ ਰਿਹਾ ਏ। ਅੱਜ ਦੁਪਹਿਰ ਬਾਅਦ, ਨਵੀਂ ਦਿੱਲੀ ਵਿੱਚ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ, ਸ਼੍ਰੀ ਸਿੰਘ ਨੇ ਕਿਹਾ ਕਿ, ਸਾਲ ਦੇ ਪਹਿਲੇ ਦਿਨ ਦੀ ਸ਼ੁਰੂਆਤ XPoSat ਦੇ ਲਾਂਚ ਨਾਲ ਹੋਈ, ਫਿਰ ਆਦਿਤਿਆ L1 ਮਿਸ਼ਨ ਨੂੰ ਇਸਦੇ ਮਿਥੇ ਹੋਏ ਗ੍ਰਹਿਪੰਧ'ਤੇ ਪਾਇਆ ਗਿਆ, ਦੇਸ਼ ਨੇ ਅਗਸਤ ਵਿੱਚ ਆਪਣਾ ਪਹਿਲਾ ਰਾਸ਼ਟਰੀ ਪੁਲਾੜ ਦਿਵਸ ਮਨਾਇਆ ਸੀ ਅਤੇ ਕੱਲ੍ਹ ISRO ਵੱਲੋਂ SpaDeX ਮਿਸ਼ਨ ਪੁਲਾੜ 'ਚ ਭੇਜਿਆ ਗਿਆ। ਉਨ੍ਹਾਂ ਕਿਹਾ ਕਿ, ਇਸ ਦੌਰਾਨ ਗਗਨਯਾਨ ਲਈ ਕਈ ਪਰਖਾਂ ਹੋਈਆਂ ਨੇ ਤੇ ਪ੍ਰਕਿਰਿਆ ਜਾਰੀ ਏ. ਉਨ੍ਹਾਂ ਕਿਹਾ ਕਿ, ਜਿੱਥੇ ਤੱਕ ਡੌਕਿੰਗ ਤਕਨਾਲੋਜੀ ਦਾ ਸਬੰਧ ਏ, SpaDeX ਮਿਸ਼ਨ ਦੀ ਸ਼ੁਰੂਆਤ ਭਾਰਤ ਵੱਲੋਂ ਕੀਤੇ ਗਏ ਪਹਿਲੇ ਪ੍ਰਯੋਗਾਂ ਵਿੱਚੋਂ ਇੱਕ ਏ। ਸਪੇਸ ਡੌਕਿੰਗ ਸਿਸਟਮ ਦੀ ਵਰਤੋਂ, ਗਗਨਯਾਨ ਅਤੇ ਭਾਰਤ ਦੇ ਸਪੇਸ ਸਟੇਸ਼ਨ ਪ੍ਰੋਗਰਾਮ ਦੇ ਬਾਅਦ ਦੇ ਹਿੱਸਿਆਂ ਵਿੱਚ ਕੀਤੀ ਜਾਵੇਗੀ। ਮੰਤਰੀ ਨੇ ਕਿਹਾ ਕਿ, ਇਹ

ਪੂਰੀ ਤਰ੍ਹਾਂ ਸਵਦੇਸ਼ੀ ਤਕਨੀਕ ਏ ਅਤੇ ਇਸ ਲਈ ਇਸਨੂੰ Bhartiya Docking Technology ਦਾ ਨਾਂ ਦਿੱਤਾ ਗਿਆ ਏ । ਉਨ੍ਹਾਂ ਕਿਹਾ, ਇਹ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਆਤਮਨਿਰਭਰ ਭਾਰਤ ਦੇ ਮੰਤਰ ਦੇ ਅਨੁਸਾਰ ਏ। ਡਾ: ਸਿੰਘ ਨੇ ਇਸਰੋ ਦੀ ਟੀਮ ਨੂੰ ਇੱਕ ਵਾਰ ਫਿਰ ਇਹ ਪ੍ਰਾਪਤੀ ਹਾਸਲ ਕਰਨ ਲਈ ਵਧਾਈ ਦਿੱਤੀ।

-----------------------------------------------------

ਸੀਮਾ ਸੁਰਖਿਆ ਬਲ BSF, ਪੰਜਾਬ ਫ੍ਰੰਟਿਯਰ ਵੱਲੋਂ ਇਸ ਸਾਲ ਦੌਰਾਨ, 30 ਪਾਕਿਸਤਾਨੀ ਅਤੇ 2 ਬੰਗਲਾਦੇਸ਼ੀ ਨਾਗਰਿਕਾਂ ਨੂੰ ਸਰਹੱਦ ਤੋਂ ਗਿਰਫਤਾਰ ਕੀਤਾ ਗਿਆ ਏ ਜਦਕਿ ਇਸੇ ਸਮੇਂ ਦੌਰਾਨ 4 ਪਾਕਿਸਤਾਨੀ ਘੁਸਪੈਠੀਆਂ ਨੂੰ ਮਾਰ ਮੁਕਾਇਆ ਗਿਆ ਏ । ਇਸੇ ਸਮੇਂ ਦੌਰਾਨ ਨਸ਼ਿਆਂ ਦੀ ਤਸਕਰੀ ਕਰਨ ਵਾਲੇ 94 ਭਾਰਤੀ ਤਸਕਰਾਂ  ਨੂੰ ਵੀ ਪੰਜਾਬ ਪੁਲਿਸ ਦੀ ਮਦਦ ਨਾਲ ਹਿਰਾਸਤ ‘ਚ ਲਿਆ ਗਿਆ ਏ । ਅੱਜ ਜਲੰਧਰ ‘ਚ ਪੂਰੇ ਸਾਲ ਭਰ ਦੀ ਕਾਰਗੁਜ਼ਾਰੀ ਸਾਂਝੀ ਕਰਦਿਆਂ, ਬਲ ਦੇ ਇੱਕ ਸੀਨੀਅਰ ਅਧਿਕਾਰੀ ਨੇ ਦਸਿਆ ਕਿ ਇੰਸਪੈਕਟਰ ਜਨਰਲ, ਡਾ ਅਤੁਲ ਫੁਲ੍ਝਲੇ ਦੀ ਅਗਵਾਈ ਹੇਠ, ਨਸ਼ਾ ਤਸਕਰੀ ਦੇ ਬਹੁਤ ਸਾਰੇ ਨੈਟਵਰਕਾਂ

ਦਾ ਖਾਤਮਾ ਕਰਕੇ, ਜਿਥੇ 282 ਕਿਲੋਗ੍ਰਾਮ ਤੋਂ ਵਧ ਦੀ ਹੀਰੋਇਨ ਜ਼ਬਤ ਕੀਤੀ ਗਈ ਏ, ਉਥੇ ਹੀ ਪਾਕਿਸਤਾਨ ਤੋਂ ਨਸ਼ਾ ਅਤੇ ਹਥਿਆਰਾਂ ਦੀ ਤਸਕਰੀ ਲਈ ਭੇਜੇ ਗਏ 294 ਡ੍ਰੋਨਾਂ ਨੂੰ ਡੇਗ ਦਿੱਤਾ ਗਿਆ। ਓਹਨਾਂ ਦੱਸਿਆ ਕਿ ਸਰਹੱਦ 'ਤੇ ਅਜਿਹੀਆਂ ਕਈ ਕਾਰਵਾਈਆਂ ਨੂੰ ਭਾਰਤੀ ਫੌਜ, ਪੰਜਾਬ ਪੁਲਿਸ ਅਤੇ ਹੋਰ ਸੁਰਖਿਆ ਏਜੰਸੀਆਂ ਦੇ ਤਾਲਮੇਲ ਨਾਲ ਅੰਜਾਮ ਦਿੱਤਾ ਗਿਆ ਏ। ਇਸ ਤੋਂ ਇਲਾਵਾ ਸਰਹੱਦੀ ਪਿੰਡਾਂ ਵਿਚ ਲੋਕਾਂ ਦੀ ਸਹੂਲੀਅਤ ਲਈ ਮੁਫਤ ਮੈਡੀਕਲ ਜਾਂਚ ਕੈਂਪ, ਖੂਨ ਦਾਨ ਕੈਂਪ, ਨੌਜਵਾਨਾਂ ਲਈ ਕਿੱਤਾ ਸਿਖਲਾਈ ਕੈਂਪ ਅਤੇ ਕੇਂਦਰੀ ਹਥਿਆਰਬੰਦ ਪੁਲਿਸ ਬਲਾਂ ਦੇ ਵਿਚ ਭਰਤੀ ਹੋਣ ਲਈ ਤਿਆਰੀ ਕਰਨ ਸੰਬੰਧੀ ਵੀ ਕੈਂਪ ਲਾਏ ਗਏ ਨੇ।

---------------------------------------------------------

ਭਾਰਤੀ ਰਿਜ਼ਰਵ ਬੈਂਕ RBI ਦੀ ਤਾਜ਼ਾ ਮਾਲੀ ਸਥਿਰਤਾ ਰਿਪੋਰਟ ਦੇ ਅਨੁਸਾਰ, ਭਾਰਤ ਦੇ ਬੈਂਕਾਂ ਦੇ ਅਸਾਸਿਆਂ ਦੀ ਗੁਣਵੱਤਾ ਵਿੱਚ, ਉਹਨਾਂ ਦੇ ਕੁੱਲ ਡੁੱਬੇ ਅਸਾਸਿਆਂ GNPA ਦੇ ਸਤੰਬਰ 2024 ਵਿੱਚ ਘੱਟ ਕੇ 2.6 ਫੀਸਦੀ ਆ ਜਾਣ ਨਾਲ ਸੁਧਾਰ ਹੋਇਆ ਏ ਤੇ ਇਹ ਪਿਛਲੇ 12

ਸਾਲਾਂ ਵਿੱਚ ਸਭ ਤੋਂ ਨੀਵਾਂ ਪੱਧਰ ਏ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਏ, ਕਿ ਇਸ ਮਿਆਦ ਦੌਰਾਨ ਡੁੱਬੇ ਅਸਾਸਿਆਂ NPA ਦਾ ਅਨੁਪਾਤ ਲਗਭਗ 0.6 ਫੀਸਦੀ ਸੀ। SCBs ਦੀ ਸੰਪੱਤੀ ਗੁਣਵੱਤਾ ਵਿੱਚ ਸੁਧਾਰ, ਕਈ ਸੈਕਟਰਾਂ ਅਤੇ ਬੈਂਕ ਸਮੂਹਾਂ ਵਿੱਚ ਵਿਆਪਕ ਤੌਰ 'ਤੇ ਅਧਾਰਤ ਸੀ। ਪਿਛਲੇ ਦੋ ਸਾਲਾਂ ਵਿੱਚ ਬੈਂਕਾਂ ਦੇ GNPA ਵਿੱਚ ਵੱਡੇ ਕਰਜ਼ਦਾਰਾਂ ਦੀ ਹਿੱਸੇਦਾਰੀ ਵਿੱਚ ਲਗਾਤਾਰ ਗਿਰਾਵਟ ਆਈ ਏ। ਜ਼ਿਕਰਯੋਗ ਏ ਕਿ, ਸਤੰਬਰ 2024 ਵਿੱਚ ਚੋਟੀ ਦੇ 100 ਕਰਜ਼ਦਾਰਾਂ ਵਿੱਚੋਂ ਕਿਸੇ ਨੂੰ ਵੀ NPA ਵਜੋਂ ਸ਼੍ਰੇਣੀਬੱਧ ਨਹੀਂ ਕੀਤਾ ਗਿਆ ਏ। Scheduled Commercial Banks ਦੇ ਮੁਨਾਫ਼ੇ ਵਿੱਚ ਵੀ ਸੁਧਾਰ ਹੋਇਆ ਏ, ਤੇ ਸਾਲ-ਦਰ-ਸਾਲ ਟੈਕਸ ਵਧਣ ਤੋਂ ਬਾਅਦ 22.2 ਫੀਸਦੀ ਦਾ ਵਾਧਾ ਹੋਇਆ ਏ। ਜਨਤਕ ਖੇਤਰ ਦੇ ਬੈਂਕਾਂ ਨੇ 30.2 ਫੀਸਦੀ ਅਤੇ ਨਿੱਜੀ ਖੇਤਰ ਦੇ ਬੈਂਕਾਂ ਨੇ 20.2 ਫੀਸਦੀ ਦਾ ਵਾਧਾ ਦਰਜ ਕੀਤਾ ਏ।

---------------------------------------------------------

ਸਰਵਉੱਚ ਅਦਾਲਤ ਨੇ ਪੰਜਾਬ ਸਰਕਾਰ ਨੂੰ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਹਸਪਤਾਲ ਭੇਜਣ ਜਾਂ ਡਾਕਟਰੀ ਸਹਾਇਤਾ ਲੈਣ

ਲਈ ਵਾਧੂ ਸਮਾਂ ਦੇ ਦਿੱਤਾ ਏ। ਜਸਟਿਸ ਸੂਰਿਆ ਕਾਂਤ ਅਤੇ ਸੁਧਾਂਸ਼ੂ ਧੂਲੀਆ ਦੀ ਛੁੱਟੀ ਵਾਲੇ ਬੈਂਚ ਨੇ ਰਾਜ ਸਰਕਾਰ ਦੀ ਬੇਨਤੀ 'ਤੇ ਇਹ ਹੁਕਮ ਦਿੱਤਾ ਅਤੇ ਸੁਣਵਾਈ 2 ਜਨਵਰੀ'ਤੇ ਪਾ ਦਿੱਤੀ। ਡੱਲੇਵਾਲ ਨੂੰ ਹਸਪਤਾਲ ਤਬਦੀਲ ਕਰਨ ਦੀ, ਦੋ ਦਿਨ ਦੀ ਸਮਾਂ ਹੱਦ ਖਤਮ ਹੋਣ ਤੋਂ ਬਾਅਦ, ਅਦਾਲਤ ਪੰਜਾਬ ਸਰਕਾਰ ਵਿਰੁੱਧ ਹੱਤਕ ਦੀ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ। ਇਸ ਤੋਂ ਪਹਿਲਾਂ ਦੀ ਸੁਣਵਾਈ ਦੌਰਾਨ ਬੈਂਚ ਨੇ ਡੱਲੇਵਾਲ ਨੂੰ ਡਾਕਟਰੀ ਸਹਾਇਤਾ ਮੁਹੱਈਆ ਕਰਵਾਉਣ ਲਈ ਲੋੜੀਂਦੀ ਕਾਰਵਾਈ ਨਾ ਕਰਨ ਲਈ, ਪੰਜਾਬ ਸਰਕਾਰ ਨੂੰ ਝਾੜ ਪਾਈ। ਬੈਂਚ ਨੇ ਕਿਹਾ ਕਿ ਜਿਹੜੇ ਵਿਅਕਤੀ ਡੱਲੇਵਾਲ ਨੂੰ ਹਸਪਤਾਲ ਨਹੀਂ ਲਿਜਾਣ ਦੇ ਰਹੇ ਨੇ, ਉਹ, ਖੁਦਕੁਸ਼ੀ ਲਈ ਉਕਸਾਉਣ ਦੇ ਮੁਜਰਮਾਨਾ ਅਪਰਾਧ ਵਿੱਚ ਸ਼ਾਮਲ ਨੇ। ਕਿਸਾਨ ਆਗੂ ਡੱਲੇਵਾਲ, ਕੇਂਦਰ ਸਰਕਾਰ ਨੂੰ ਕਿਸਾਨਾਂ ਦੀਆਂ ਮੰਗਾਂ ਪੂਰੀਆਂ ਕਰਨ ਦੀ ਅਪੀਲ ਕਰਨ ਲਈ 26 ਨਵੰਬਰ ਤੋਂ ਪੰਜਾਬ ਅਤੇ ਹਰਿਆਣਾ ਦੇ ਖਨੌਰੀ ਸਰਹੱਦੀ ਪੁਆਇੰਟਾ 'ਤੇ ਅਣਮਿੱਥੇ ਸਮੇਂ ਲਈ ਮਰਨ ਵਰਤ 'ਤੇ ਬੈਠੇ ਹੋਏ ਨੇ।

---------------------------------------------------------

ਪੰਜਾਬ ਸਰਕਾਰ ਨੇ ਸੂਬੇ ਦੇ ਆਂਗਣਵਾੜੀ ਕੇਂਦਰਾਂ ਵਿੱਚ ਸਰਦੀਆਂ ਦੇ ਮੌਸਮ ਦੇ ਮੱਦੇਨਜ਼ਰ 3 ਤੋਂ 6 ਸਾਲ ਦੇ ਬੱਚਿਆ ਨੂੰ ਅਗਲੇ ਸਾਲ 7 ਜਨਵਰੀ ਤੱਕ ਛੁੱਟੀਆਂ ਕਰਨ ਦਾ ਫ਼ੈਸਲਾ ਕੀਤਾ ਏ । ਸਮਾਜਿਕ ਸੁਰੱਖਿਆ ਮਹਿਲਾ ਤੇ ਬਾਲ ਵਿਕਾਸ ਮੰਤਰੀ ਡਾ ਬਲਜੀਤ ਕੌਰ ਨੇ ਦੱਸਿਆ ਕਿ ਸਰਦੀਆਂ ਦੇ ਮੌਸਮ ਕਾਰਨ ਛੋਟੇ ਬੱਚਿਆ ਦਾ ਆਂਗਣਵਾੜੀ ਕੇਂਦਰਾਂ ਵਿੱਚ ਆਉਣਾ ਬਹੁਤ ਮੁਸ਼ਕਿਲ ਏ , ਜਿਸ ਦੇ ਮੱਦੇਨਜਰ ਪੰਜਾਬ ਸਰਕਾਰ ਵੱਲੋਂ ਆਂਗਣਵਾੜੀ ਕੇਂਦਰਾਂ ਵਿੱਚ 3 ਤੋਂ 6 ਸਾਲ ਦੇ ਬੱਚਿਆਂ ਨੂੰ ਅਗਲੇ ਸਾਲ 7 ਜਨਵਰੀ ਤੱਕ ਛੁੱਟੀਆਂ ਕੀਤੀਆਂ ਨੇ । ਆਂਗਣਵਾੜੀ ਵਰਕਰਾਂ ਵੱਲੋਂ 3 ਤੋਂ 6 ਸਾਲ ਦੇ ਬੱਚਿਆ ਨੂੰ ਛੁੱਟੀਆਂ ਦੌਰਾਂਨ ਘਰ ਲਈ ਰਾਸ਼ਨ ਦਿੱਤਾ ਜਾਵੇ।

---------------------------------------------------------

ਆਕਾਸ਼ਵਾਣੀ ਜਲੰਧਰ ਅਮਲੇ ਦੇ 2 ਸੀਨੀਅਰ ਮੈਂਬਰ ਅੱਜ ਸੇਵਾ ਮੁਕਤ ਹੋਏ ਨੇ । ਸੀਨੀਅਰ ਅਨਾਉਂਸਰ ਪ੍ਰਵੇਸ਼ ਕੁਮਾਰ ਆਪਣੀ 37 ਸਾਲਾਂ ਦੀ ਸੇਵਾ ਨਿਭਾ ਕੇ ਅੱਜ ਸੇਵਾਮੁਕਤ ਹੋਏ । ਉਨ੍ਹਾਂ ਸਾਲ 1987 ‘ਚ

ਆਕਾਸ਼ਵਾਣੀ ਜਲੰਧਰ ‘ਚ ਬਤੌਰ ਅਨਾਉਂਸਰ, ਆਪਣੀਆਂ ਸੇਵਾਵਾਂ ਦੇਣੀਆਂ ਸ਼ੁਰੂ ਕਿਤੀਆਂ । ਇਸੇ ਤਰ੍ਹਾਂ ਸਹਾਇਕ ਇੰਜੀਨੀਅਰ, ਮਨਜਿੰਦਰ ਜੀਤ ਸਿੰਘ ਅੱਜ ਆਪਣੀ 36 ਸਾਲਾਂ ਦੀ ਸੇਵਾ ਨਿਭਾ ਕੇ ਸੇਵਾਮੁਕਤ ਹੋਏ ਨੇ। ਇਸ ਮੌਕੇ ‘ਤੇ ਆਕਾਸ਼ਵਾਣੀ ਜਲੰਧਰ ਦੇ ਸਮੂਹ ਮੁਲਾਜ਼ਮਾਂ ਵੱਲੋਂ, ਓਹਨਾਂ ਦੇ ਸਨਮਾਨ ‘ਚ ਇੱਕ ਵਿਸ਼ੇਸ਼ ਪ੍ਰੋਗ੍ਰਾਮ ਕਰਵਾ ਕੇ ਵਿਦਾਇਗੀ ਦਿੱਤੀ ਗਈ। ਇਸ ਪ੍ਰੋਗ੍ਰਾਮ ‘ਚ ਡਿਪਟੀ ਡਾਇਰੈਕਟਰ, ਇੰਜੀਨਿਅਰਿੰਗ, ਦਿਲਬਾਘ ਸਿੰਘ , ਪ੍ਰੋਗ੍ਰਾਮ ਮੁਖੀ ਪਰਮਜੀਤ ਸਿੰਘ, ਪ੍ਰੋਗ੍ਰਾਮ ਕੁਆਰਡੀਨੇਸ਼ਨ, ਸੀਨੀਅਰ AO ਅਨਿਲ ਸੰਧੂ ਸਮੇਤ ਸਾਰੇ ਅਧਿਕਾਰੀ ਤੇ ਮੁਲਾਜ਼ਮ ਅਤੇ ਵਿਦਾਈ ਲੈ ਰਹੇ ਦੋਹਾਂ ਮੁਲਾਜ਼ਮਾਂ ਦੇ ਪਰਿਵਾਰਕ ਮੈਂਬਰ ਵੀ ਮੌਜੂਦ ਰਹੇ। ਅਕਾਸ਼ਵਾਣੀ ਸ਼੍ਰੀ ਨਗਰ ਤੋਂ ਆਪਣੀ ਨੌਕਰੀ ਦੀ ਸ਼ੁਰੂਆਤ ਕਰਨ ਬਾਅਦ, ਦੂਰਦਰਸ਼ਨ ਅਤੇ ਅਕਾਸ਼ਵਾਣੀ ਵਿੱਚ 36 ਸਾਲ ਸੇਵਾਵਾਂ ਨਿਭਾ ਕੇ, ਸਹਾਇਕ ਡਾਇਰੈਕਟਰ ਇੰਜਨੀਅਰਿੰਗ ਮਲਕੀਤ ਸਿੰਘ ਵੀ ਅੱਜ ਅਕਾਸ਼ਵਾਣੀ ਬਠਿੰਡਾ ਤੋਂ ਸੇਵਾ ਮੁਕਤ ਹੋ ਗਏ ਹਨ। ਇਸ ਦੌਰਾਨ ਅਕਾਸ਼ਵਾਣੀ ਬਠਿੰਡਾ ਵਿੱਚ ਇਕ ਵਿਦਾਇਗੀ ਸਮਾਗਮ ਰੱਖ ਕੇ ਪੂਰੇ ਮਾਣ-ਸਨਮਾਨ ਨਾਲ ਉਹਨਾਂ ਨੂੰ

ਨਿੱਘੀ ਵਿਦਾਇਗੀ ਦਿੱਤੀ ਗਈ। ਇਸ ਮੌਕੇ ਬਠਿੰਡਾ ਐਫ.ਐਮ. ਕੇਂਦਰ ਦੇ ਡਾਇਰੈਕਟਰ ਬਲਜੀਤ ਸ਼ਰਮਾ ਸਮੇਤ ਸਮਾਗਮ ਵਿੱਚ ਅਕਾਸ਼ਵਾਣੀ ਬਠਿੰਡਾ ਕੇਂਦਰ ਦੇ ਸਮੂਹ ਸਟਾਫ ਨੇ ਸ਼ਮੂਲੀਅਤ ਕੀਤੀ।

------------------------------------------------------------

ਪੰਜਾਬ ਦੇ ਮੁੱਖ ਚੋਣ ਦਫ਼ਤਰ ਵੱਲੋਂ 25 ਜਨਵਰੀ, 2025 ਨੂੰ ਮਨਾਏ ਜਾਣ ਵਾਲੇ ਕੌਮੀ ਵੋਟਰ ਦਿਵਸ ਮੌਕੇ "ਪੰਜਾਬ ਚੋਣ ਕੁਇਜ਼-2025" ਸਿਰਲੇਖ ਹੇਠ ਸੂਬਾ-ਪੱਧਰੀ ਕੁਇਜ਼ ਮੁਕਾਬਲਾ ਕਰਵਾਉਣ ਦਾ ਐਲਾਨ ਕੀਤਾ ਗਿਆ ਏ । ਇਸ ਪਹਿਲਕਦਮੀ ਦਾ ਉਦੇਸ਼ ਪੰਜਾਬ ਦੇ ਮੌਜੂਦਾ ਅਤੇ ਭਵਿੱਖ ਵਿੱਚ ਵੋਟਰ ਵਜੋਂ ਰਜਿਸਟਰ ਹੋਣ ਵਾਲੇ ਨੌਜਵਾਨਾਂ ਨੂੰ ਸ਼ਾਮਲ ਕਰਦਿਆਂ, ਉਨ੍ਹਾਂ ਦਰਮਿਆਨ ਚੋਣ ਪ੍ਰਕਿਰਿਆਵਾਂ ਅਤੇ ਚੋਣ ਗਤੀਵਿਧੀਆਂ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਏ ।ਪੰਜਾਬ ਦੇ ਮੁੱਖ ਚੋਣ ਅਫ਼ਸਰ ਸਿਬਿਨ ਸੀ ਨੇ ਇਸ ਮੁਕਾਬਲੇ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਇਹ ਕੁਇਜ਼, ਪੰਜਾਬ ਦੇ ਲੋਕਾਂ ਵਿੱਚ ਚੋਣ ਪ੍ਰਕਿਰਿਆਵਾਂ ਸਬੰਧੀ ਵੱਧ ਤੋਂ ਵੱਧ ਜਾਗਰੂਕਤਾ ਫੈਲਾਉਣ ਅਤੇ ਉਨ੍ਹਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਵੱਲ ਇੱਕ ਕਦਮ ਏ । ਉਨ੍ਹਾਂ ਕਿਹਾ

ਕਿ ਸਾਡਾ ਉਦੇਸ਼ ਇਸ ਸਮਾਗਮ ਵਿੱਚ ਮੀਡੀਆ ਅਤੇ ਵਿਦਿਅਕ ਸੰਸਥਾਵਾਂ ਸਮੇਤ ਵੱਖ-ਵੱਖ ਭਾਈਵਾਲਾਂ ਨੂੰ ਸ਼ਾਮਲ ਕਰਕੇ ਚੋਣਾਂ ਪ੍ਰਤੀ ਜਾਗਰੂਕਤਾ ਅਤੇ ਜ਼ਿੰਮੇਵਾਰ ਵੋਟਿੰਗ ਵਾਲਾ ਇੱਕ ਜੀਵੰਤ ਸੱਭਿਆਚਾਰ ਪੈਦਾ ਕਰਨਾ ਏ । ਉਨ੍ਹਾਂ ਦੱਸਿਆ ਕਿ ਪੰਜਾਬ ਚੋਣ ਕੁਇਜ਼-2025 ਦੋ ਪੜਾਵਾਂ ਵਿੱਚ ਕਰਵਾਇਆ ਜਾਵੇਗਾ ਅਤੇ ਪਹਿਲੇ ਪੜਾਅ ਅਧੀਨ ਜ਼ਿਲ੍ਹਾ ਪੱਧਰ ਦੇ ਜੇਤੂਆਂ ਦੀ ਚੋਣ ਲਈ ਆਨਲਾਈਨ ਕੁਇਜ਼ ਮੁਕਾਬਲਾ 19 ਜਨਵਰੀ,  ਹੋਵੇਗਾ, ਜਿਸ ਤੋਂ ਬਾਅਦ ਦੂਜੇ ਪੜਾਅ ਅਧੀਨ 24 ਜਨਵਰੀ ਨੂੰ ਲੁਧਿਆਣਾ ਵਿਖੇ ਇੱਕ ਔਫਲਾਈਨ ਫਾਈਨਲ ਮੁਕਾਬਲਾ ਕਰਵਾਇਆ ਜਾਵੇਗਾ, ਜਿੱਥੇ ਚੋਟੀ ਦੇ ਸਨਮਾਨਾਂ ਲਈ 23 ਜ਼ਿਲ੍ਹਾ ਪੱਧਰੀ ਜੇਤੂਆਂ ਦਾ ਮੁਕਾਬਲਾ ਹੋਵੇਗਾ। ਕੌਮੀ ਵੋਟਰ ਦਿਵਸ ਨੂੰ ਮਨਾਉਣ ਲਈ ਲੁਧਿਆਣਾ ਵਿਖੇ 25 ਜਨਵਰੀ, 2025 ਨੂੰ ਹੋਣ ਵਾਲੇ ਮੁੱਖ ਸਮਾਗਮ ਤੋਂ ਪਹਿਲਾਂ ਕਰਵਾਇਆ ਜਾਣ ਵਾਲਾ ਇਹ ਇਵੈਂਟ ਢੁਕਵਾਂ ਮਾਹੌਲ ਤਿਆਰ ਕਰੇਗਾ। ਹਿੱਸਾ ਲੈਣ ਦੇ ਚਾਹਵਾਨ ਰਜਿਸਟ੍ਰੇਸ਼ਨ ਅਤੇ ਹੋਰ ਵੇਰਵਿਆਂ ਲਈ punjab.ਇੰਡੀਆ ਸਟੇਟ ਕੁਇਜ਼ .com 'ਤੇ ਲਾਗਇਨ ਕਰ ਸਕਦੇ ਹਨ। ਇੱਕ ਬੁਲਾਰੇ ਨੇ ਦੱਸਿਆ ਕਿ ਆਨਲਾਈਨ ਰਜਿਸਟ੍ਰੇਸ਼ਨ 28

ਦਸੰਬਰ ਤੋਂ ਸ਼ੁਰੂ ਹੋ ਚੁੱਕੀ ਹੈ ਅਤੇ ਚਾਹਵਾਨ ਉਮੀਦਵਾਰ 17 ਜਨਵਰੀ ਤੱਕ ਰਜਿਸਟਰ ਕਰ ਸਕਣਗੇ।

---------------------------------------------------------------

ਪਹਾੜਾਂ 'ਚ ਬਰਫਬਾਰੀ ਤੋਂ ਬਾਅਦ, ਪੰਜਾਬ ਤੇ ਚੰਡੀਗੜ੍ਹ ਦੇ ਮੈਦਾਨੀ ਇਲਾਕਿਆਂ 'ਚ ਠੰਢ ਲਗਾਤਾਰ ਵੱਧ ਰਹੀ ਏ । ਸੀਤ ਲਹਿਰ ਦੀ ਚੇਤਾਵਨੀ ਵਿਚਕਾਰ ਧੁੰਦ ਦਾ ਅਲਰਟ ਜਾਰੀ ਕੀਤਾ ਗਿਆ ਏ । ਸੋਮਵਾਰ ਰਾਤ ਤੋਂ ਹੀ ਪੰਜਾਬ ਦੇ ਕੁਝ ਜ਼ਿਲ੍ਹਿਆਂ ਵਿਚ ਧੁੰਦ ਦੇਖੀ ਗਈ । ਇਸ ਦੇ ਨਾਲ ਹੀ ਸਵੇਰ ਤੱਕ ਕਈ ਥਾਵਾਂ 'ਤੇ ਦਿਖਤਾ ਸਿਫ਼ਰ ਦੇ ਨੇੜੇ ਦਰਜ ਕੀਤੀ ਗਈ । ਇਸ ਦੇ ਨਾਲ ਹੀ ਪੰਜਾਬ ਦਾ ਦਿਨ ਦਾ ਤਾਪਮਾਨ ਆਮ ਨਾਲੋਂ 5 ਡਿਗਰੀ ਘੱਟ ਏ । ਮੌਸਮ ਵਿਗਿਆਨ ਕੇਂਦਰ ਵੱਲੋਂ ਅੱਜ ਪੰਜਾਬ ਵਿੱਚ ਧੁੰਦ ਅਤੇ ਸੀਤ ਲਹਿਰ ਨੂੰ ਲੈ ਕੇ ਯੈਲੋ ਅਲਰਟ ਜਾਰੀ ਕੀਤਾ ਗਿਆ ਏ । ਮੌਸਮ ਵਿਭਾਗ ਮੁਤਾਬਕ ਅੱਜ ਪੰਜਾਬ ਅਤੇ ਚੰਡੀਗੜ੍ਹ ਦੇ ਤਾਪਮਾਨ 'ਚ ਜ਼ਿਆਦਾ ਬਦਲਾਅ ਨਹੀਂ ਹੋਵੇਗਾ, ਪਰ ਪਹਿਲੀ ਜਨਵਰੀ ਤੋਂ ਕੁਝ ਰਾਹਤ ਮਿਲਣ ਦੀ ਸੰਭਾਵਨਾ ਏ । ਵਧੇਰੇ ਜਾਣਕਾਰੀ

ਦਿੰਦਿਆਂ ਚੰਡੀਗੜ੍ਹ ਸਥਿਤ ਮੌਸਮ ਵਿਭਾਗ ਦੇ ਨਿਦੇਸ਼ਕ ਸੁਰਿੰਦਰਪਾਲ ਨੇ ਦਸਿਆ।

--------------------------------------------------------

ਸ੍ਰੀ ਮੁਕਤਸਰ ਸਾਹਿਬ ਵਿਚ ਚਾਲੀ ਮੁਕਤਿਆਂ ਦੀ ਯਾਦ ਵਿੱਚ ਲੱਗਣ ਵਾਲੇ ਪਵਿੱਤਰ ਅਤੇ ਇਤਿਹਾਸਕ ਮੇਲਾ ਮਾਘੀ ਦੇ ਸਬੰਧੀ ਸ਼ਹਿਰ ਵਿੱਚ ਸਾਫ਼-ਸਫ਼ਾਈ ਨੂੰ ਯਕੀਨੀ ਬਣਾਉਣ ਲਈ, ਜ਼ਿਲ੍ਹਾ ਪ੍ਰਸਾਸ਼ਨ ਵੱਲੋਂ ਹਰ ਤਰ੍ਹਾਂ ਦੇ ਉਪਰਾਲੇ ਕੀਤੇ ਜਾ ਰਹੇ ਨੇ । ਡਿਪਟੀ ਕਮਿਸ਼ਨਰ  ਰਾਜੇਸ਼ ਤ੍ਰਿਪਾਠੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅੱਜ ਵੱਖ-ਵੱਖ ਵਿਭਾਗਾਂ ਦੇ ਸਹਿਯੋਗ ਨਾਲ ਸ਼ਹਿਰ ਸ੍ਰੀ ਮੁਕਤਸਰ ਸਾਹਿਬ ਦੀਆਂ ਵੱਖ-ਵੱਖ ਥਾਵਾਂ ਦੀ ਸਾਫ਼-ਸਫ਼ਾਈ ਕੀਤੀ ਗਈ। ਜ਼ਿਕਰਯੋਗ ਏ ਕਿ ਬੀਤੇ ਦਿਨੀਂ ਡਿਪਟੀ ਕਮਿਸ਼ਨਰ ਵੱਲੋਂ ਮੇਲਾ ਮਾਘੀ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਹਦਾਇਤਾਂ ਜਾਰੀ ਕੀਤੀਆਂ ਸਨ ਕਿ ਇਸ ਪਵਿੱਤਰ ਤੇ ਇਤਿਹਾਸਕ ਮੇਲੇ ਦੌਰਾਨ ਦੂਰ-ਦੁਰਾਡੇ ਇਲਾਕਿਆਂ ਤੋਂ ਸੰਗਤਾਂ ਨਤਮਸਤਕ ਹੋਣ ਲਈ ਆਉਂਦੀਆਂ ਹਨ ਅਤੇ ਉਨ੍ਹਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਨਾ ਆਵੇ ਇਸ ਲਈ ਸਾਰੇ

ਵਿਭਾਗਾਂ ਵੱਲੋਂ ਇਸ ਮੇਲੇ ਦੌਰਾਨ ਆਪਣੀਆਂ ਡਿਊਟੀਆਂ ਨੂੰ ਬਾਖ਼ੂਬੀ ਨਿਭਾਇਆ ਜਾਵੇ। ਡਿਪਟੀ ਕਮਿਸ਼ਨਰ ਵੱਲੋਂ ਵੱਖ-ਵੱਖ ਵਿਭਾਗਾਂ ਨੂੰ ਮੇਲਾ ਮਾਘੀ ਦੇ ਮੱਦੇਨਜ਼ਰ ਆਰਜ਼ੀ ਪੁਲਿਸ ਲਾਈਨ ਸਥਾਪਿਤ ਕਰਨ ਲਈ ਸ਼ਹਿਰ ਵਿੱਚ ਸਕੂਲ ਅਲਾਟ ਕਰਨ, ਪੁਲਿਸ ਫੋਰਸ ਦੇ ਠਹਿਰਾਓ ਲਈ ਸਕੂਲ ਖਾਲੀ ਕਰਵਾਉਣ, ਮਹੱਤਵਪੂਰਨ ਥਾਵਾ ’ਤੇ ਸੀ.ਸੀ.ਟੀ.ਵੀ. ਕੈਮਰੇ ਲਗਾਉਣ, ਗੋਤਾਖ਼ੋਰਾਂ ਦਾ ਪ੍ਰਬੰਧ ਕਰਨ, ਟਰੋਮਾ ਸੈਂਟਰ ਦੀ ਚੋਣ ਕਰਨ, ਮੇਲਾ ਗਰਾਊਂਡ ਵਿੱਚ ਲਗਾਏ ਜਾ ਰਹੇ ਝੂਲਿਆਂ ਆਦਿ ਦੇ ਸੁਰੱਖਿਅਤ ਹੋਣ ਸਬੰਧੀ ਅਤੇ ਬਿਜਲੀ ਦੀਆਂ ਤਾਰਾਂ ਦੀ ਫਿਟਿੰਗ ਤੋਂ ਇਲਾਵਾ ਹੋਰ ਵੱਖ-ਵੱਖ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਨੇ। ਮਨਰੇਗਾ ਟੀਮਾਂ ਵੱਲੋਂ ਬਲਾਕ ਸ੍ਰੀ ਮੁਕਤਸਰ ਸਾਹਿਬ ਅਧੀਨ ਆਉਂਦੀਆਂ ਸੜਕਾਂ ਦੀ ਸਫ਼ਾਈ ਕਰਵਾਈ ਜਾ ਰਹੀ ਏ।

ਵਿਭਾਗਾਂ ਨੇ ਸ਼ਹਿਰ ਵਾਸੀਆਂ ਨੂੰ ਵੀ ਸਫਾਈ ਮੁਹਿੰਮ ਵਿੱਚ ਸਹਿਯੋਗ ਕਰਨ ਦੀ ਅਪੀਲ ਕੀਤੀ ਏ ਕਿ ਤਾਂ ਜੋ ਮਾਘੀ ਤੋਂ ਪਹਿਲਾਂ ਇਸ ਪਵਿੱਤਰ ਸ਼ਹਿਰ ਨੂੰ ਹੋਰ ਵੀ ਸਾਫ ਸੁਥਰਾ ਕੀਤਾ ਜਾ ਸਕੇ।

---

ਹਾਕੀ ਇੰਡੀਆ ਲੀਗ HIL'ਚ ਬੀਤੀ ਰਾਤ UP ਰੁਦ੍ਰਾਸ ਨੇ ਮੌਜੂਦਾ ਚੈਂਪੀਅਨ ਕਲਿੰਗਾ ਲਾਂਸਰਜ਼ 'ਤੇ 3-1 ਨਾਲ ਜਿੱਤ ਦਰਜ ਕੀਤੀ। ਇਸ ਜਿੱਤ ਨੇ ਰੁਦ੍ਰਾਸ ਨੂੰ HIL 2024-25 ਅੰਕ ਸੂਚੀ ਵਿੱਚ ਸਿਖਰ 'ਤੇ ਪਹੁੰਚਾ ਦਿੱਤਾ ਜਦੋਂ ਕਿ ਲਾਂਸਰਜ਼ ਹੇਠਲੇ ਸਥਾਨ 'ਤੇ ਨੇ

**ਹੋਰ ਵੇਰਵੇ ਨਾਲ ਇਕ ਰਿਪੋਰਟ** :

---

**ਆਖਿਰ 'ਚ ਖਾਸ ਖਬਰਾਂ ਇਕ ਵਾਰ ਫਿਰ ਤੋਂ**

- ਪਰਮਾਣੂ ਊਰਜਾ ਅਤੇ ਪੁਲਾੜ ਰਾਜ ਮੰਤਰੀ ਡਾਕਟਰ ਜਤਿੰਦਰ ਸਿੰਘ ਨੇ ਕਿਹਾ -ਕਿ ਸਾਲ 2024, ਭਾਰਤੀ ਪੁਲਾੜ ਖੇਤਰ ਲਈ ਅਹਿਮ ਸਾਲ ਰਿਹਾ ਏ।
- ਸੀਮਾ ਸੁਰਖਿਆ ਬਲ ਪੰਜਾਬ ਵੱਲੋਂ ਇਸ ਸਾਲ ਦੌਰਾਨ , 30 ਪਾਕਿਸਤਾਨੀ ਅਤੇ 2 ਬੰਗਲਾਦੇਸ਼ੀ ਨਾਗਰਿਕਾਂ ਨੂੰ ਗਿਰਫ਼ਤਾਰ ਕੀਤਾ ਗਿਆ ਏ।

- ਸਰਵਉੱਚ ਅਦਾਲਤ ਨੇ ਪੰਜਾਬ ਸਰਕਾਰ ਨੂੰ, ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਹਸਪਤਾਲ ਭੇਜਣ ਜਾਂ ਡਾਕਟਰੀ ਸਹਾਇਤਾ ਲੈਣ ਲਈ ਵਾਧੂ ਸਮਾਂ ਦਿੱਤਾ।
- ਮੌਸਮ ਵਿਭਾਗ ਵਲੋਂ ਪੰਜਾਬ ਵਿੱਚ, ਧੁੰਦ ਅਤੇ ਸੀਤ ਲਹਿਰ ਨੂੰ ਲੈ ਕੇ, ਯੈਲੋ ਅਲਰਟ ਜਾਰੀ।